# ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ

(ਦਫਤਰ:ਮੁੱਖ ਲੇਖਾ ਅਫਸਰ, ਕੇਂਦਰੀਕਰਨ ਪੇ ਅਤੇ ਪੈਨਸ਼ਨ ਭਾਗ, ਪਟਿਆਲਾ)

ਵੱਲ,

ਸਾਰੇ ਪ੍ਰਮੁੱਖ/ਮੁੱਖ ਇੰਜੀ:/ਪੰ.ਰਾ:ਪਾ:ਕਾ:ਲਿਮ:,/ ਪੰ.ਰਾ:ਟ੍ਰਾ:ਕਾ:ਲਿਮ:,
ਸਾਰੇ ਉਪ ਮੁੱਖ ਇੰਜੀ/ਨਿਗ:ਇੰਜੀ:/ ਪੰ.ਰਾ:ਪਾ:ਕਾ:ਲਿਮ:, / ਪੰ.ਰਾ:ਟ੍ਰਾ:ਕਾ:ਲਿਮ:,
ਸਾਰੇ ਉਪ ਸਕੱਤਰ/ਪੰ.ਰਾ:ਪਾ:ਕਾ:ਲਿਮ:, / ਪੰ.ਰਾ:ਟ੍ਰਾ:ਕਾ:ਲਿਮ:
ਸਾਰੇ ਉਪ ਮੁੱਖ ਲੇਖਾ ਅਫਸਰ, ਪੰ.ਰਾ:ਪਾ:ਕਾ:ਲਿਮ:,/ ਪੰ.ਰਾ:ਟ੍ਰਾ:ਕਾ:ਲਿਮ:,,
ਸਾਰੇ ਡੀ.ਡੀ.ਓਜ਼, ਪੰ.ਰਾ:ਪਾ:ਕਾ:ਲਿਮ:, / ਪੰ.ਰਾ:ਟ੍ਰਾ:ਕਾ:ਲਿਮ:,

ਪੱਤਰ ਨੰ: 751/1456 ਮਿਤੀ 8-2-2013

**ਵਿਸ਼ਾ:** **ਤਨਖਾਹ ਅਤੇ ਪੈਨਸ਼ਨ ਦਾ ਕੇਂਦਰੀਕਰਣ ਕਰਨ ਸਬੰਧੀ।**

ਹਵਾਲਾ: ਉਪ ਮੁੱਖ ਲੇਖਾ ਅਫਸਰ/ਪੀ.ਅਤੇ ਐਫ. ਦੇ ਪੱਤਰ ਨੰ: 2301/3000 ਮਿਤੀ 3.7.2012 ਅਤੇ ਇਸ ਦਫਤਰ ਦਾ ਮੀਮੋ ਨੰ 32/731 ਮਿਤੀ 09.01.2013.

ਉਪਰੋਕਤ ਵਿਸ਼ੇ ਸੰਬੰਧੀ ਇਸ ਦਫਤਰ ਦੇ ਹਵਾਲੇ ਅਧੀਨ ਪਤਰਾਂ ਰਾਹੀਂ ਆਪ ਦੇ ਦਫਤਰਾਂ ਨੂੰ ਪਹਿਲਾਂ ਵੀ ਲਿਖਿਆ ਗਿਆ ਸੀ ਕਿ ਆਪ ਜੀ ਦੇ ਅਧੀਨ ਕੰਮ ਕਰਦੇ ਸਾਰੇ ਅਧਿਕਾਰੀ /ਕਰਮਚਾਰੀ ਅਤੇ ਪੈਨਸ਼ਨਰਾਂ ਨੂੰ ਪੱਤਰਾਂ ਵਿਚ ਦਰਸਾਏ 6 ਨੰ: ਬੈਂਕਾਂ ਦੀਆਂ ਬਰਾਚਾਂ ਵਿਚ ਆਪਣਾ ਖਾਤਾ ਖੋਲਣ ਦੀ ਹਦਾਇਤ ਕੀਤੀ ਜਾਵੇ।ਇਸ ਸੰਬੰਧੀ ਇਸ ਦਫਤਰ ਵਲੋਂ ਸਾਰੇ ਦਫਤਰਾਂ ਦੇ ਮੁਖੀਆਂ ਨਾਲ ਈ ਮੇਲ/ਟੈਲੀਫੋਨ ਤੇ ਵੀ ਸੰਪਰਕ ਕਰ ਕੇ ਇਸ ਸੰਬੰਧੀ ਜਲਦੀ ਤੋਂ ਜਲਦੀ ਕਾਰਵਾਈ ਕਰਨ ਲਈ ਕਿਹਾ ਗਿਆ ਹੈ, ਪਰੰਤੂ ਨਿਗ:ਇੰਜੀ:ਆਈ.ਟੀ. ਪਟਿਆਲਾ ਵੱਲੋ ਦਿੱਤੀ ਗਈ ਤਾਜ਼ਾ ਸਥਿਤੀ ਮੁਤਾਬਿਕ ਅਜੇ ਵੀ ਬਹੁਤ ਸਾਰੇ ਕਰਮਚਾਰੀਆਂ/ਪੈਨਸ਼ਨਰਾਂ ਦੇ ਖਾਤੇ ਇੰਨ੍ਹਾਂ ਬੈਕਾਂ ਤੋ ਇਲਾਵਾ ਹੋਰ ਦੂਜੇ ਬੈਕਾਂ ਵਿਚ ਵੀ ਚੱਲ ਰਹੇ ਹਨ।

ਇਸ ਸੰਬੰਧੀ ਇਸ ਪੱਤਰ ਰਾਹੀਂ ਆਪ ਦੇ ਦਫਤਰਾਂ ਨੂੰ ਇਕ ਬਾਰ ਫਿਰ ਲਿਖਿਆ ਜਾਂਦਾ ਹੈ ਕਿ ਆਪ ਦੇ ਅਧੀਨ ਦਫਤਰਾਂ ਨੂੰ ਸਖਤ ਹਦਾਇਤ ਕੀਤੀ ਜਾਵੇ ਕਿ ਇਹ ਪੱਤਰ ਜਾਰੀ ਹੋਣ ਦੇ 7 ਦਿਨਾਂ ਦੇ ਅੰਦਰ ਅੰਦਰ ਇਹ ਤਸਦੀਕ ਕਰਨ ਕਿ ਸਾਰੇ ਅਧਿਕਾਰੀ/ਕਰਮਚਾਰੀ/ਪੈਨਸ਼ਨਰਾਂ ਦੇ ਖਾਤੇ ਇੰਨ੍ਹਾਂ ਬੈਕਾਂ ਵਿਚ ਖੁਲਵਾ ਦਿੱਤੇ ਗਏ ਹਨ ਅਤੇ ਇਸ ਸੰਬੰਧੀ ਸਰਟੀਫਿਕੇਟ ਇਸ ਦਫਤਰ ਨੂੰ ਭੇਜਣ,ਤਾਂ ਜੋ ਇਸ ਦਫਤਰ ਵਲੋਂ ਤਨਖਾਹ/ਪੈਨਸ਼ਨ ਦੀ ਕੇਂਦਰੀਕਰਣ ਅਦਾਇਗੀ ਦਾ ਕੰਮ ਸਮੇਂ ਸਿਰ ਸ਼ੁਰੂ ਕੀਤਾ ਜਾ ਸਕੇ। ਉਪਰੋਕਤ ਹਦਾਇਤਾਂ ਦੀ ਸਮੇਂ ਸਿਰ ਪਾਲਣਾ ਨਾ ਹੋਣ ਦੀ ਸੂਰਤ ਵਿਚ ਜੇਕਰ ਕਿਸੇ ਕਰਮਚਾਰੀ/ਅਧਿਕਾਰੀ ਦੀ ਤਨਖਾਹ/ਪੈਨਸ਼ਨ ਦੀ ਅਦਾਇਗੀ ਨਹੀਂ ਹੁੰਦੀ ਹੈ ਤਾਂ ਇਸਦੀ ਜਿੰਮੇਵਾਰੀ ਸੰਬੰਧਤ ਦਫਤਰ ਦੀ ਹੋਵੇਗੀ।ਜੇਕਰ ਆਪ ਜੀ ਦੇ ਦਫਤਰ ਵੱਲੋ ਪਹਿਲਾਂ ਹੀ ਇਸ ਸਬੰਧੀ ਕੋਈ ਕਾਰਵਾਈ ਕੀਤੀ ਗਈ ਹੈ ਤਾਂ ਇਹ ਡਾਟਾ ਸੋਫਟਵੇਅਰ ਵਿਚ ਅੱਪਡੇਟ ਕੀਤਾ/ਕਰਵਾਇਆ ਜਾਵੇ।ਇਥੇ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਭਵਿੱਖ ਵਿਚ ਕੋਈ ਵੀ ਤਨਖਾਹ/ਪੈਨਸ਼ਨ ਦੀ ਅਦਾਇਗੀ ਚੈਕ ਰਾਹੀਂ ਨਹੀਂ ਕੀਤੀ ਜਾਵੇਗੀ।

ਉਕਤ ਹਦਾਇਤਾਂ ਦੀ ਪਾਲਣਾ ਬਿਨਾਂ ਕਿਸੇ ਦੇਰੀ ਤੋਂ ਯਕੀਨੀ ਬਣਾਈ ਜਾਵੇ ਜੀ।

ਉਪ ਮੁੱਖ ਲੇਖਾ ਅਫਸਰ/ਕੇਂਦਰੀਕਰਨ ਪੀ.ਅਤੇ ਪੀ,
ਪੰ.ਰਾ:ਪਾ:ਕਾ:ਲਿਮ: ਪਟਿਆਲਾ।

ਨੋਟ: ਇਹ ਪੱਤਰ ਅਤੇ ਹਵਾਲੇ ਅਧੀਨ ਪੱਤਰ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਦੀ ਵੈਬਸਾਈਟ ਤੇ ਹੇਠ ਲਿਖੇ ਲਿੰਕ ਤੇ ਦੇਖੇ ਜਾ ਸਕਦੇ ਹਨ:

pspcl.in>information centre>office order and circulars>dy-cao-centralized pay and pension.

ਸੀ ਸੀ- ਨਿਗ:ਇੰਜੀ:/ਆਈ.ਟੀ. ਨੂੰ ਉਪ ਮੁੱਖ ਲੇਖਾ ਅਫਸਰ/ਕੇਂਦਰੀਕਰਨ ਪੀ.ਅਤੇ ਪੀ,
ਪੰ.ਰਾ:ਪਾ:ਕਾ:ਲਿਮ: ਦੀ ਸਾਈਟ ਤੇ ਅੱਪਲੋਡ ਕਰਨ ਲਈ ਭੇਜਿਆ ਜਾਂਦਾ ਹੈ।